**Baba Farid University of Health Sciences**
Sadiq Road Faridkot – 151203 (Pb) India
Phone: 01639-256232, 256236
Fax: 01639-256234
Web: www.bfuhs.ac.in

No. 08-BFUHS/Estt.III/2026/ 5835 Date: 1/4/2026

ਦਫ਼ਤਰੀ ਹੁਕਮ

**ਸ੍ਰੀ ਤੌਕੀਰ ਅਰਸ਼ਦ ਪੁੱਤਰ ਸ੍ਰੀ ਮੁਹੰਮਦ ਅਰਸ਼ਦ, ਰੇਡੀਓਗ੍ਰਾਫਰ ਨੇ** ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਫਰੀਦਕੋਟ ਵਿਖੇ ਮਿਤੀ 24-04-2024 ਨੂੰ ਰੈਗੂਲਰ ਆਧਾਰ 'ਤੇ ਰੇਡੀਓਗ੍ਰਾਫਰ ਵਜੋਂ ਜੁਆਇੰਨ ਕੀਤਾ ਸੀ ਅਤੇ ਕਰਮਚਾਰੀ ਨੇ ਆਪਣੀ ਹਾਜ਼ਰੀ ਰਿਪੋਰਟ ਮਿਤੀ 25-04-2024 ਨੂੰ ਮੁਖੀ, ਰੇਡੀਉਡਾਇਗਨੇਸਿਸ ਵਿਭਾਗ ਵਿਖੇ ਪੇਸ਼ ਕੀਤੀ ਸੀ।

ਪ੍ਰੋਫੈਸਰ ਤੇ ਮੁਖੀ, ਰੇਡੀਉਡਾਇਗਨੇਸਿਸ ਵਿਭਾਗ, ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਫਰੀਦਕੋਟ ਦੇ **ਪੱਤਰ ਐਕਸਰੇ ਨੰ. 960 ਮਿਤੀ 21-05-2024** ਰਾਹੀਂ ਦਫਤਰ, ਮੈਡੀਕਲ ਸੁਪਰਡੈਂਟ, ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਫਰੀਦਕੋਟ ਨੂੰ ਸੂਚਿਤ ਕੀਤਾ ਹੈ ਕਿ ਉਕਤ ਕਰਮਚਾਰੀ ਨੇ ਮਿਤੀ 25-04-2024 ਨੂੰ ਜੁਆਇੰਨ ਕੀਤਾ ਸੀ ਜਿਸ ਤੋਂ ਬਾਅਦ ਉਹ ਵਿਭਾਗ ਨੂੰ ਬਿਨ੍ਹਾਂ ਦੱਸੇ ਵਿਭਾਗ ਵਿੱਚ ਹਾਜ਼ਰ ਨਹੀਂ ਹੋ ਰਹੇ ਹਨ।

ਕਰਮਚਾਰੀ ਨੂੰ ਆਪਣੀ ਡਿਊਟੀ ਤੋਂ ਲਗਾਤਾਰ ਗੈਰਹਾਜ਼ਰ ਰਹਿਣ ਕਾਰਨ ਦਫਤਰ, ਮੈਡੀਕਲ ਸੁਪਰਡੈਂਟ, ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਫਰੀਦਕੋਟ ਦੇ **ਪੱਤਰ ਨੰ: ਐਮ.ਐੱਸ/ਅ-2/2024/10095-97 ਮਿਤੀ 24/05/2024, ਯਾਦ ਪੱਤਰ -1 ਨੰ. ਐੱਮ,ਐੱਸ/ਅ-2/2024/11017-20 ਮਿਤੀ 07/06/2024 ਅਤੇ ਯਾਦ ਪੱਤਰ -2 ਨੰ. ਐੱਮ.ਐੱਸ/ਅ-2/2025/7426-28 ਮਿਤੀ 27/03/2025** ਰਾਹੀਂ ਗੈਰ-ਹਾਜ਼ਰੀ ਦਾ ਸਪੱਸ਼ਟੀਕਰਨ ਦੇਣ ਬਾਰੇ ਕਿਹਾ ਗਿਆ ਸੀ ਅਤੇ ਹਦਾਇਤ ਕੀਤੀ ਗਈ ਸੀ ਕਿ ਜੇਕਰ ਪੱਤਰ ਦੇ ਜਾਰੀ ਹੋਣ ਦੇ ਇੱਕ ਹਫਤੇ ਵਿੱਚ ਦਫਤਰ ਵਿੱਚ ਹਾਜ਼ਰ ਨਹੀਂ ਹੁੰਦੇ ਤਾਂ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਕਤ ਦਫਤਰ ਨੇ ਸੂਚਿਤ ਕੀਤਾ ਹੈ ਕਿ ਕਰਮਚਾਰੀ ਨੂੰ ਭੇਜੇ ਉਕਤ ਪੱਤਰਾਂ ਦਾ ਕੋਈ ਵੀ ਜਵਾਬ ਦਫਤਰ ਵਿੱਚ ਨਹੀਂ ਆਇਆ ਹੈ ਜਿਸ ਤੋਂ ਇਹ ਜਾਪਦਾ ਹੈ ਕਿ ਕਰਮਚਾਰਨ ਆਪਣੀਆਂ ਸੇਵਾਵਾਂ ਜਾਰੀ ਰੱਖਣ ਦੀ ਇਛੁੱਕ ਨਹੀਂ ਹੈ।

ਪੰਜਾਬ ਸਰਕਾਰ ਦੇ ਪੱਤਰ ਨੰ 2/1/2017-3ਐਫ.ਪੀ.2/189-192 ਮਿਤੀ 12-05-2017 ਰਾਹੀਂ ਜਾਰੀ ਹੇਠ ਲਿਖੀਆਂ ਹਦਾਇਤਾਂ ਦੀ ਰੌਸ਼ਨੀ ਵਿੱਚ, ਲੋਕ ਹਿੱਤ ਤੇ ਖਾਸਕਰ ਮਰੀਜਾਂ ਦੇ ਹਿੱਤ ਵਿੱਚ ਇਸ ਕਰਮਚਾਰਨ ਦਾ ਯੂਨੀਵਰਸਿਟੀ ਸਰਵਿਸ ਤੋਂ ਅਸਤੀਫਾ(*Deemed Resignation*) ਦਿੱਤਾ ਗਿਆ ਸਮਝਿਆ ਜਾਂਦਾ ਹੈ ਕਿਉਂਕਿ ਕਰਮਚਾਰਨ ਨੂੰ ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਹੋਏ ਨੂੰ ਇੱਕ (1) ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਇਸ ਲਈ ਕਰਮਚਾਰਨ ਵੱਲੋਂ ਕਾਬਜ਼ ਆਸਾਮੀ ਨੂੰ ਖਾਲੀ ਘੋਸ਼ਿਤ ਕੀਤਾ ਜਾਂਦਾ ਹੈ ਅਤੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਫਰੀਦਕੋਟ ਵਿਖੇ ਕਰਮਚਾਰਨ ਦੀਆਂ ਰੈਗੂਲਰ ਸੇਵਾਵਾਂ **ਮਿਤੀ 25-04-2024 ਬਾਅਦ ਦੁਪਹਿਰ** ਤੋਂ ਸਮਾਪਤ ਕੀਤੀਆਂ ਜਾਂਦੀਆਂ ਹਨ ਅਤੇ ਕਰਮਚਾਰਨ ਵੱਲੋਂ ਨੋ ਡਿਊਜ਼ ਤੇ ਇੱਕ ਮਹੀਨੇ ਦੇ ਨੋਟਿਸ ਦੇ ਇਵਜ਼ ਵਿੱਚ ਬਣਦੀ ਤਨਖਾਹ ਆਦਿ ਅਜੇ ਤੱਕ ਪੈਡਿੰਗ ਹਨ:-

*"ਪੰਜਾਬ ਸਰਕਾਰ ਵੱਲੋਂ ਜਾਰੀ ਉਕਤ ਪੱਤਰ ਅਨੁਸਾਰ 'Deemed Resignation' ਦੇ ਤਹਿਤ ਜੇਕਰ ਕੋਈ ਅਧਿਕਾਰੀ/ਕਰਮਚਾਰੀ ਬਿਨਾਂ ਪਹਿਲਾਂ ਛੁੱਟੀ ਮਨਜੂਰ ਕਰਵਾਏ ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਰਹਿੰਦਾ ਹੈ ਅਤੇ ਇਹ ਗੈਰ-ਹਾਜ਼ਰੀ ਦਾ ਸਮਾਂ ਚਲਦੇ ਨੂੰ ਇੱਕ ਸਾਲ ਤੋਂ ਵੱਧ ਦਾ ਸਮਾਂ ਹੋ ਜਾਂਦਾ ਹੈ ਤਾਂ ਉਸ ਵੱਲੋਂ ਸਰਕਾਰੀ ਸਰਵਿਸ ਤੋਂ ਅਸਤੀਫਾ ਦਿੱਤਾ ਗਿਆ ਸਮਝਿਆ ਜਾਵੇਗਾ ਭਾਵ ਉਸ ਵੱਲੋਂ ਸਰਕਾਰੀ ਸਰਵਿਸ ਤੋਂ Deemed Resignation ਮੰਨਿਆ ਜਾਵੇਗਾ। ਇਹ ਸਮਾਂ ਮੁਕੰਮਲ ਹੋਣ 'ਤੇ ਉਸ ਨੂੰ ਸਰਕਾਰੀ ਸਰਵਿਸ ਵਿੱਚ ਮੁੜ ਜੁਆਇਨ ਨਹੀਂ ਕਰਵਾਇਆ ਜਾਵੇਗਾ।"*

ਇਹ ਹੁਕਮ ਸਮਰੱਥ ਅਧਿਕਾਰੀ ਜੀ ਦੇ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ।

ਰਜਿਸਟਰਾਰ

Endst. No. 08-BFUHS/Estt.III/2025/ 5836-41 Date 1/4/2026

Copy to the following for kind information & n/a:-

1. ਪੀ.ਏ., ਉੱਪ-ਕੁੱਲਪਤੀ ਨੂੰ ਮਾਨਯੋਗ ਉੱਪ-ਕੁੱਲਪਤੀ ਜੀ ਦੀ ਸੂਚਨਾ ਹਿੱਤ
2. ਪੀ.ਏ., ਰਜਿਸਟਰਾਰ ਨੂੰ ਮਾਨਯੋਗ ਰਜਿਸਟਰਾਰ ਜੀ ਦੀ ਸੂਚਨਾ ਹਿੱਤ
3. ਮੈਡੀਕਲ ਸੁਪਰਡੈਂਟ, ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ, ਫ਼ਰੀਦਕੋਟ-ਇਹ ਹੁਕਮ *ਉਕਤ ਕਰਮਚਾਰੀ ਨੂੰ ਡਾਕ ਅਤੇ ਈ-ਮੇਲ ਅਤੇ ਰਾਹੀਂ ਭੇਜਣ ਦੀ ਬੇਨਤੀ ਕੀਤੀ ਜਾਂਦੀ ਹੈ।*
4. ਵਿੱਤ ਅਫਸਰ, ਬੀ.ਐਫ.ਯੂ.ਐਚ.ਐੱਸ.
5. ਸ੍ਰੀ ਤੌਕੀਰ ਅਰਸ਼ਦ ਪੁੱਤਰ ਸ੍ਰੀ ਮੁਹੰਮਦ ਅਰਸ਼ਦ
6. ਇੰਚਾਰਜ-ਆਈ.ਟੀ. ਸੈੱਲ- *ਇਹ ਹੁਕਮ ਯੂਨੀਵਰਸਿਟੀ ਵੈੱਬਸਾਈਟ 'ਤੇ ਅਪਲੋਡ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ*

ਰਜਿਸਟਰਾਰ